# ਤੁਚਨ ਮੇਨਾ

# ਪਵਿੱਤਰ ਬਾਈਬਲ ਵਿਚੋਂ ਕੁਝ ਸ਼ਬਦ

Edition 2025
© by GBV
printed in Germany

**GBV Dillenburg GmbH**
Eiershäuser Straße 54
35713 Eschenburg
GERMANY
www.gbv-dillenburg.de
www.gbv-online.org
www.bibleo.org

ਆਦ ਵਿਚ ਸ਼ਬਦ ਸੀ ਅਤੇ ਸ਼ਬਦ ਪ੍ਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪ੍ਰਮੇਸ਼ੁਰ ਸੀ।
ਯੂਹੰਨਾ 1 : 1

ਉਸ ਵਿਚ ਜੀਉਣ ਸੀ
ਅਤੇ ਉਹ ਜੀਉਣ
ਇਨਸਾਨ ਦਾ ਚਾਨਣ ਸੀ।
ਯੂਹੰਨਾਂ 1 : 4

ਜਗਤ ਦਾ ਚਾਨਣ ਮੈਂ ਹਾਂ। ਜਿਹੜਾ ਮੇਰੇ
ਪਿੱਛੇ ਤੁਰਦਾ ਹੈ ਹਨੇਰੇ ਵਿਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਉਣ ਦਾ ਚਾਨਣ ਹੋਵੇਗਾ
ਯੂਹੰਨਾ 8 : 12
ਯਿਸੂ ਨੇਂ ਉਹ ਨੂੰ ਆਖਿਆ,
ਰਾਹ ਅਤੇ ਸੱਚਿਆਈ, ਅਤੇ ਜੀਊਣ ਮੈਂ
ਹਾਂ। ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ
ਨਹੀਂ ਆਉਂਦਾ
ਯੂਹੰਨਾ 14 : 6



ਜੇ ਕੋਈ ਤਿਹਾਇਆ ਹੋਵੇ,
ਤਾਂ ਮੇਰੇ ਕੋਲ ਆਵੇ,
ਅਤੇ ਪੀਵੇ।
ਜੇ ਕੋਈ ਮੇਰੇ ਤੇ ਨਿਸਚਾ ਕਰਦਾ ਹੈ
ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ
ਨਦੀਆਂ ਉਹ ਦੇ ਅੰਦਰੋਂ
ਵਗਣਗੀਆਂ।
ਯੂਹੰਨਾਂ 7 : 37–38

ਪਰ ਉਹ ਸਾਡੇ ਅਪਰਾਧਾਂ ਲਈ
ਘਾਇਲ ਕੀਤਾ ਗਿਆ,
ਸਾਡੀਆਂ ਬਦੀਆਂ ਦੇ ਕਾਰਨ
ਕੁਚਲਿਆ ਗਿਆ,
ਸਾਡੀ ਸ਼ਾਂਤੀ ਲਈ ਉਸ ਉੱਤੇ
ਤਾੜਨਾਂ ਹੋਈ,
ਅਤੇ ਉਸ ਦੇ ਮਾਰ ਖਾਣ ਤੋਂ
ਅਸੀਂ ਨਰੋਏ ਕੀਤੇ ਗਏ।
ਯਸਾਯਾਹ 53 : 5



ਵੇਖ, ਮੈਂ ਬੂਹੇ ਉੱਤੇ ਖਲੋਤਾ
ਅਤੇ ਖੜਕਾਉਂਦਾ ਹਾਂ।
ਜੇ ਕੋਈ ਮੇਰੀ ਅਵਾਜ਼ ਸੁਣੇਂ
ਅਤੇ ਬੂਹਾ ਖੋਲ੍ਹ ਦੇਵੇ ਤਾਂ ਮੈਂ
ਉਹ ਦੇ ਕੋਲ ਅੰਦਰ ਜਾਵਾਂਗਾ।
ਪ੍ਰਕਾਸ਼ ਦੀ ਪੋਥੀ 3 : 20
ਕਿ ਮਸੀਹ ਤੁਹਾਡਿਆਂ ਮਨਾਂ ਵਿਚ
ਨਿਹਚਾ ਦੇ ਦੁਆਰਾ ਵੱਸੇ।
ਅਫ਼ਸੀਆਂ 3 : 17

ਮੈਂ ਤੁਹਾਨੂੰ,
ਸੱਚ ਸੱਚ ਆਖਦਾ ਹਾਂ ਕਿ
ਜੋ ਮੇਰਾ ਵਚਨ ਸੁਣਦਾ,
ਅਤੇ ਉਹ ਹੀ ਪਰਤੀਤ ਕਰਦਾ ਹੈ
ਜਿਨ੍ਹ ਮੈਨੂੰ ਘੱਲਿਆ
ਸਦੀਪਕ ਜੀਉਣ ਉਹ ਦਾ ਹੈ
ਅਤੇ ਉਸ ਉੱਤੇ ਸਜ਼ਾ ਦਾ ਹੁਕਮ
ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ
ਜੀਉਣ ਵਿਚ ਜਾ ਪਹੁੰਚਿਆ ਹੈ।
ਯਹੂੰਨਾਂ 5 : 24



ਕਿਉਂਕਿ ਪ੍ਰਮੇਸ਼ੁਰ ਨੇ ਜਗਤ ਨੂੰ
ਅਜਿਹਾ ਪਿਆਰ ਕੀਤਾ
ਜੋ ਉਹ ਨੇ ਆਪਣਾ
ਇਕਲੌਤਾ ਪੁੱਤਰ ਬਖ਼ਸ਼ ਦਿੱਤਾ
ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ
ਕਰੇ ਨਾਸ਼ ਨਾ ਹੋਵੇ
ਪਰ ਸਦੀਪਕ ਜੀਉਣ ਪਾਵੇ।
ਯੂਹੰਨਾ 3 : 16

ਹੇ ਸਾਰੇ ਥੱਕੇ ਹੋਇਓ
ਅਤੇ ਭਾਰ ਹੇਠ ਦੱਬੇ ਹੋਇਓ
ਮੇਰੇ ਕੋਲ ਆਉ ਤਾਂ ਮੈਂ ਤੁਹਾਨੂੰ
ਅਰਾਮ ਦਿਆਂਗਾ...
ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ
ਹਲਕਾ ਹੈ।

ਮੱਤੀ 11 : 28, 30



ਪਾਪ ਦੀ ਮਜ਼ੂਰੀ ਤਾਂ ਮੌਤ ਹੈ,
ਪਰ ਪ੍ਰਮੇਸ਼ੁਰ ਦੀ ਬਖ਼ਸ਼ੀਸ਼
ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿਚ
ਸਦੀਪਕ ਜੀਵਨ ਹੈ।

ਰੋਮੀਆਂ 6 : 23

ਹੇ ਪ੍ਰਮੇਸ਼ੁਰ ਮੈਂ ਪਾਪੀ
ਉੱਤੇ ਦਇਆ ਕਰ।

ਲੂਕਾ 18 : 13

ਸੋ ਹੁਣ ਉਹਨਾਂ ਲਈ ਜਿਹੜੇ
ਮਸੀਹ ਯਿਸੂ ਵਿਚ ਹਨ
ਸਜ਼ਾ ਦਾ ਹੁਕਮ ਨਹੀਂ ਹੈ
ਰੋਮੀਆ 8 : 1
ਇਹ ਇਸ ਲਈ ਲਿਖੇ ਗਏ ਹਨ
ਭਈ ਤੁਸੀਂ ਪਰਤੀਤ ਕਰੋ
ਕਿ ਯਿਸੂ ਜਿਹੜਾ ਹੈ,
ਉਹੋ ਮਸੀਹ ਪ੍ਰਮੇਸ਼ੁਰ ਦਾ ਪੁੱਤ੍ਰ ਹੈ
ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ
ਜੀਉਣ ਨੂੰ ਪ੍ਰਾਪਤ ਕਰੋ।
ਯੂਹੰਨਾਂ 20 : 31



ਇਸ ਤੋਂ ਅਨੰਦ ਹੋਵੇ,
ਭਈ ਤੁਹਾਡੇ ਨਾਉਂ ਸੁਰਗ ਵਿਚ
ਲਿਖੇ ਹੋਏ ਹਨ

ਲੂਕਾ 10 : 20

ਸੋ ਜਦੋਂ ਅਸੀਂ ਨਿਹਚਾ ਨਾਲ
ਧਰਮੀ ਠਹਿਰਾਏ ਗਏ ਤਾਂ
ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ
ਰਾਹੀਂ ਪ੍ਰਮੇਸ਼ੁਰ ਵੱਲ ਸ਼ਾਂਤੀ ਰੱਖੀਏ
ਰੋਮੀਆਂ 5 : 1

ਆਓ ਕਿਉਂ ਜੋ ਹੁਣ ਸੱਭੋ ਕੁੱਝ
ਤਿਆਰ ਹੈ

ਲੂਕਾ 14 : 17

ਮੈਂ ਕੀ ਕਰਾਂ ਜਿਸ ਤੋਂ
ਬਚਾਇਆ ਜਾਵਾਂ?
ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ
ਤੂੰ ਅਤੇ ਤੇਰਾ ਘਰਾਨਾ
ਬਚਾਏ ਜਾਓਗੇ

ਰਸੂਲਾਂ ਦੇ ਕਰਤੱਬ 16 : 30, 31



ਜੋ ਕੋਈ ਉਹ ਦੇ ਉਤੇ ਨਿਹਚਾ ਕਰੇ
ਸੋ ਪਾਪਾਂ ਦੀ ਮਾਫ਼ੀ ਪਾਵੇਗਾ

ਰਸੂਲਾਂ ਦੇ ਕਰਤੱਬ 10 : 42

ਜਿਹੜਾ ਸਾਡੇ ਅਪਰਾਧਾਂ ਦੇ ਕਾਰਨ
ਫੜਵਾਇਆ ਗਿਆ
ਅਤੇ ਸਾਨੂੰ ਧਰਮੀ ਠਹਿਰਾਉਣ ਲਈ
ਜਿਵਾਲਿਆ ਗਿਆ॥
ਰੋਮੀਆਂ 4 : 25

ਪਰ ਜਿੰਨਿਆਂ ਨੇ ਉਸ ਨੂੰ
ਕਬੂਲ ਕੀਤਾ ਉਸ ਨੇ
ਉਨ੍ਹਾਂ ਨੂੰ ਪ੍ਰਮੇਸ਼ੁਰ ਦੇ ਪੁੱਤਰ
ਹੋਣ ਦਾ ਹੱਕ ਦਿੱਤਾ

ਯੂਹੰਨਾ 1 : 12

ਇਸ ਲਈ ਤੌਬਾ ਕਰੋ ਅਤੇ
ਮੁੜੋ ਭਈ ਤੁਹਾਡੇ ਪਾਪ ਮਿਟਾਏ ਜਾਣ

ਰਸੂਲਾਂ ਦੇ ਕਰਤੱਬ 3 : 19



ਜੋ ਮੇਰੇ ਕੋਲ ਆਉਂਦਾ ਹੈ
ਮੈਂ ਕਦੇ ਭੀ ਉਹ ਨੂੰ ਕੱਢ ਨਾ ਦਿਆਂਗਾ

ਯੂਹੰਨਾਂ 6 : 37

ਕਿਉਂ ਜੋ ਮਨੁੱਖ ਦਾ ਪੁੱਤਰ
ਗੁਆਚੇ ਹੋਏ ਨੂੰ ਭਾਲਣ ਅਤੇ
ਬਚਾਉਣ ਲਈ ਆਇਆ ਹੈ।

ਲੂਕਾ 19 : 10

ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ
ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ
ਦੀ ਵਡਿਆਈ ਦੇ ਵਸੀਲੇ
ਨਾਲ ਮਸੀਹ ਮੁਰਦਿਆਂ ਵਿਚੋਂ
ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ
ਜੀਵਨ ਦੇ ਰਾਹ ਚੱਲੀਏ

ਰੋਮੀਆਂ 6 : 4



ਅਤੇ ਵੇਖੋ ਮੈਂ ਯੁੱਗ ਦੇ ਅੰਤ ਤੀਕਰ ਹਰ
ਵੇਲੇ ਤੁਹਾਡੇ ਨਾਲ ਹਾਂ

ਮੱਤੀ 28 : 20

ਤੁਹਾਡਾ ਚਾਨਣ ਮਨੁੱਖਾ ਦੇ
ਸਾਹਮਣੇ ਚਮਕੇ ਤਾਂ ਜੋ
ਉਹ ਤੁਹਾਡੇ ਸ਼ੁੱਭ ਕਰਮ ਵੇਖ ਕੇ
ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ
ਵਡਿਆਈ ਕਰਨ
ਮੱਤੀ 5 : 16

ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ
ਅਤੇ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ
ਅਤੇ ਉਹ ਮੇਰੇ ਮਗਰ ਲੱਗੀਆਂ
ਆਉਂਦੀਆਂ ਹਨ। ਮੈਂ ਉਨ੍ਹਾਂ ਨੂੰ
ਸਦੀਪਕ ਜੀਉਣ ਦਿੰਦਾ ਹਾਂ
ਅਰ ਉਨ੍ਹਾਂ ਦਾ ਸਦੀਪਕਾਲ ਤੀਕੁ ਕਦੇ
ਨਾਸ਼ ਨਾ ਹੋਵੇਗਾ, ਨਾ ਕੋਈ ਉਨ੍ਹਾਂ ਨੂੰ
ਮੇਰੇ ਹੱਥੋਂ ਖੋਹ ਲਵੇਗਾ।

ਯੂਹੰਨਾ 10 : 27, 28



ਮਸੀਹ ਵੀ ਤੁਹਾਡੇ ਨਮਿੱਤ
ਦੁੱਖ ਝੱਲ ਕੇ ਇਕ ਨਮੂਨਾਂ ਤੁਹਾਡੇ
ਲਈ ਛੱਡ ਗਿਆ ਭਈ ਤੁਸੀਂ
ਉਹ ਦੀ ਪੈੜ ਉਤੇ ਤੁਰੋ

1 ਪਤਰਸ 2 : 21

ਨਿਹਚਾ ਦੀ ਚੰਗੀ
ਲੜਾਈ ਲੜ

1 ਤਿਮੋਥਿਉਸ 6 : 12

ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ
ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ,
ਇਹ ਪ੍ਰਮੇਸ਼ੁਰ ਦੀ ਬਖਸ਼ੀਸ਼ ਹੈ,
ਇਹ ਕਰਨੀਆਂ ਤੋਂ ਨਹੀਂ, ਅਜਿਹਾ ਨਾ
ਹੋਵੇ ਭਈ ਕੋਈ ਘੁਮੰਡ ਕਰੇ।

ਅਫਸੀਆਂ 2 : 8, 9

ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ
ਲਈ ਜਿਹੜਾ ਕਹਿਣ ਤੋਂ ਬਾਹਰ ਹੈ

2 ਕੁਰਿੰਥੀਆਂ 9 : 15



ਪਰ ਜੇ ਅਸੀਂ ਚਾਨਣ ਵਿਚ ਚਲੀਏ
ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ
ਆਪੋ ਵਿੱਚੀਂ ਸੰਗਤ ਹੈ
ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ
ਸਾਨੂੰ ਸਾਰੇ ਪਾਪ ਤੋਂ ਸ਼ੁੱਧ
ਕਰਦਾ ਹੈ

1 ਯੂਹੰਨਾ 1 : 7

ਮੈਂ ਤੇਰੇ ਨਾਲ ਸਦਾ ਦੇ ਪ੍ਰੇਮ
ਨਾਲ ਪ੍ਰੇਮ ਕੀਤਾ
ਏਸ ਲਈ
ਮੈਂ ਦਇਆ ਨਾਲ ਤੈਨੂੰ ਖਿਚਿਆ ਹੈ

ਯਿਰਮਿਯਾਹ 31 : 3

ਨਾ ਡਰ, ਮੈਂ ਤੇਰੇ ਅੰਗ ਸੰਗ ਜੋ ਹਾਂ

ਯਸਾਯਾਹ 41 : 10



ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ
ਜਾਂਦਾ ਹਾਂ, ਅਰ ਜੇ ਮੈਂ ਜਾ ਕੇ ਤੁਹਾਡੇ ਲਈ
ਜਗ੍ਹਾ ਤਿਆਰ ਕਰਾਂ
ਤਾਂ ਫੇਰ ਆਣ ਕੇ ਤੁਹਾਨੂੰ ਆਪਣੇਂ
ਕੋਲ ਲੈ ਲਵਾਂਗਾ ਭਈ ਜਿੱਥੇ
ਮੈਂ ਹਾਂ ਤੁਸੀਂ ਵੀ ਹੋਵੋ

ਯੂਹੰਨਾਂ 14 : 2, 3

ਘਾਹ ਸੁੱਕ ਜਾਂਦਾ ਅਤੇ
ਫੁੱਲ ਕੁਮਲਾ ਜਾਂਦਾ ਹੈ,
ਪਰ ਸਾਡੇ ਪ੍ਰਮੇਸ਼ੁਰ ਦਾ ਵਚਨ
ਸਦਾ ਤੀਕ ਕਾਇਮ ਰਹੇਗਾ।

ਯਸਾਯਾਹ 40 : 8

ਅਕਾਸ਼ ਅਤੇ ਧਰਤੀ ਟੱਲ ਜਾਣਗੇ ਪਰ ਮੇਰੇ
ਬਚਨ ਕਦੇ ਨਾ ਟਲਣਗੇ

ਲੂਕਾ 21 : 33



ਜੋ ਕੁੱਝ ਤੁਸੀਂ ਪ੍ਰਾਰਥਨਾ ਕਰਕੇ
ਮੰਗੋ ਪ੍ਰਤੀਤ ਕਰੋ
ਜੋ ਸਾਨੂੰ ਮਿਲ ਗਿਆ ਤਾਂ
ਤੁਹਾਨੂੰ ਮਿਲੇਗਾ

ਮਰਕੁਸ 11 : 24

ਤੁਸੀਂ ਆਤਮਾ ਦੁਆਰਾ ਚੱਲੋ
ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ
ਪੂਰਿਆਂ ਨਾ ਕਰੋਗੇ

ਗਲਾਤੀਆਂ 5 : 16

ਅਤੇ ਪ੍ਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ
ਉਦਾਸ ਨਾਂ ਕਰੋ

ਅਫ਼ਸੀਆਂ 4 : 30



ਜੋ ਕੋਈ ਮੈਥੋਂ ਅਤੇ ਮੇਰਿਆਂ
ਬਚਨਾਂ ਤੋਂ ਸ਼ਰਮਾਏਗਾ
ਮਨੁੱਖ ਦਾ ਪੁੱਤਰ ਵੀ
ਉਸ ਤੋਂ ਸ਼ਰਮਾਏਗਾ
ਜਿਸ ਵੇਲੇ ਆਪਣੇ ਅਤੇ ਪਿਤਾ ਦੇ
ਅਤੇ ਪਵਿੱਤਰ ਦੂਤਾਂ ਦੇ ਤੇਜ ਨਾਲ ਆਵੇਗਾ।

ਲੂਕਾ 9 : 26

ਪ੍ਰਭੂ ਆਪ ਲਲਕਾਰੇ ਨਾਲ ਸੁਰਗ ਤੋਂ ਉਤਰੇਗਾ ਅਤੇ ਜਿੜ੍ਹੇ ਮਸੀਹ ਵਿਚ ਹੋ ਕੇ ਮੋਏ ਹਨ ਉਹ ਪਹਿਲਾਂ ਜੀ ਉਠਣਗੇ। ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਉਨ੍ਹਾਂ ਦੇ ਨਾਲ ਹੀ ਹਵਾ ਵਿਚ ਪ੍ਰਭੂ ਦੇ ਮਿਲਨ ਨੂੰ ਬੱਦਲਾਂ ਉਤੇ ਅਚਾਨਕ ਉਠਾਏ ਜਾਵਾਂਗੇ ਅਤੇ ਇਸੇ ਤਰ੍ਹਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ।

(1 ਥੱਸਲੁਨੀਕੀਆਂ 4 : 16, 17)



ਤਾਂ ਮੈਂ ਨਵਾਂ ਅਕਾਸ਼ ਅਤੇ
ਨਵੀਂ ਧਰਤੀ ਵੇਖੀ....
ਅਤੇ ਉਹ ਉਨ੍ਹਾਂ ਦੀਆਂ ਅੱਖੀਆਂ ਤੋਂ
ਹਰੇਕ ਹੰਝੂ ਪੂੰਝੇਗਾ
ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ,
ਨਾ ਅਗਾਹਾਂ ਨੂੰ ਸੋਗ, ਨਾ ਰੋਣਾਂ,
ਨਾ ਦੁੱਖ ਹੋਵੇਗਾ,
ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ
ਪ੍ਰਕਾਸ਼ ਦੀ ਪੋਥੀ 21 : 1 ਤੋਂ 4

ਵੇਖ, ਮੈਂ ਛੇਤੀ ਆਉਂਦਾ ਹਾਂ
ਅਤੇ ਜਿਹੜਾ ਤਿਹਾਇਆ ਹੋਵੇ
ਉਹ ਆਵੇ, ਜਿਹੜਾ ਚਾਹੇ
ਅੰਮ੍ਰਿਤ ਜਲ ਮੁਫ਼ਤ ਲਵੇ
ਆਮੀਨ।

ਹੇ ਪ੍ਰਭੂ ਯਿਸੂ, ਆਉ

ਪ੍ਰਕਾਸ਼ ਦੀ ਪੋਥੀ 22 : 12, 17, 20



ਬਾਈਬਲ ਪੜ੍ਹੋ ਕਿਉਂ ਜੋ ਇਹ ਪ੍ਰਮੇਸ਼ੁਰ ਦਾ ਬਚਨ ਹੈ। ਪ੍ਰਮੇਸ਼ੁਰ ਦੀ ਆਵਾਜ਼ ਨੂੰ ਸੁਣੋ। ਅਤੇ ਮਹਾਨ ਪ੍ਰਮੇਸ਼ੁਰ ਤੁਹਾਨੂੰ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਅੱਜ ਤੁਸੀਂ ਉਸ ਦੇ ਪਿਆਰ ਨੂੰ ਜਾਣੋਂ। ਉਸ ਦਾ ਬਚਨ ਤੁਹਾਨੂੰ ਸੱਚੀ ਖੁਸ਼ੀ ਅਤੇ ਸ਼ਾਂਤੀ ਦੇ ਪੱਕੇ ਰਾਹ ਬਾਰੇ ਦਸਦਾ ਹੈ। ਜੇ ਤੁਸੀਂ ਬਾਈਬਲ ਦਾ ਇਕ ਹਿੱਸਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਮੁਫਤ ਭੇਜ ਸਕਦੇ ਹਾਂ ਅਤੇ ਜੇ ਤੁਹਾਡਾ ਕੋਈ ਪ੍ਰਸ਼ਨ ਹੈ ਤਾਂ ਉਸ ਦਾ ਉੱਤਰ ਦੇਣ ਵਿਚ ਸਾਨੂੰ ਬਹੁਤ ਖੁਸ਼ੀ ਹੋਵੇਗੀ।

ਨਵਾਂ ਨੇਮ ਮੰਗਵਾਉਣ ਲਈ ਪੱਤਾ
ਸਾਫ਼ ਸਾਫ਼ ਲਿੱਖੋ।

ਨਾਮ : ................................

ਪੱਤਾ : ...............................

.......................................

ਸ਼ਾਲੋਮ ਲਿਟਰੇਚਰ ਸਰਵਿਸ
ਟਾਂਡਾ—144203 (ਹੁਸ਼ਿਆਰਪੁਰ)
ਪੰਜਾਬ

Pure Gold

Punjabi

GBV 140 4120